ਸਿਟੀ ਆਫ ਰਿਚਮੰਡ (City of Richmond)

ਇਕੱਠੇ ਮਿਲ ਕੇ ਸਾਡੇ ਭਵਿੱਖ ਦਾ ਨਿਰਮਾਣ ਕਰਨਾ

# ਸਮਾਜਿਕ ਵਿਕਾਸ ਰਣਨੀਤੀ (2025–2035)

ਸਰਲ ਭਾਸ਼ਾ ਵਿੱਚ ਸਾਰ



ਭਾਈਚਾਰਕ ਸਮਾਜਿਕ ਵਿਕਾਸ ਵਿਭਾਗ
(Community Social Development Department)



# ਸਮਾਜਿਕ ਵਿਕਾਸ ਰਣਨੀਤੀ ਕੀ ਹੈ

ਸਮਾਜਿਕ ਵਿਕਾਸ ਰਣਨੀਤੀ (Social Development Strategy) ਇੱਕ 10-ਸਾਲਾ ਯੋਜਨਾ ਹੈ ਜੋ ਭਾਈਚਾਰੇ ਵਿੱਚ ਮੌਜੂਦਾ ਸਮਾਜਿਕ ਲੋੜਾਂ ਨੂੰ ਪੂਰਾ ਕਰਦੇ ਹੋਏ ਭਵਿੱਖ ਲਈ ਤਿਆਰੀ ਕਰਨ ਵਿੱਚ ਰਿਚਮੰਡ ਦੀ ਮਦਦ ਕਰਦੀ ਹੈ। ਯੋਜਨਾ ਦਾ ਟੀਚਾ ਹਰ ਉਸ ਵਿਅਕਤੀ ਦੀ ਸਮਾਜਿਕ ਤੰਦਰੁਸਤੀ ਵਿੱਚ ਸਹਾਇਤਾ ਕਰਨਾ ਹੈ ਜੋ ਰਿਚਮੰਡ ਵਿੱਚ ਰਹਿੰਦਾ ਹੈ, ਕੰਮ ਕਰਦਾ ਹੈ ਜਾਂ ਸਮਾਂ ਬਿਤਾਉਂਦਾ ਹੈ।

ਯੋਜਨਾ ਨੂੰ ਕਈ ਕਦਮਾਂ ਰਾਹੀਂ ਤਿਆਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਇਹ ਸਿੱਖਣਾ ਕਿ ਦੂਜੇ ਸ਼ਹਿਰਾਂ ਵਿੱਚ ਕਿਸ ਚੀਜ਼ ਨੇ ਵਧੀਆ ਕੰਮ ਕੀਤਾ ਹੈ;
- ਕੈਨੇਡੀਅਨ ਜਨਗਣਨਾ ਅਤੇ ਭਾਈਚਾਰਕ ਜਨ-ਅੰਕੜਿਆਂ ਸੰਬੰਧੀ ਡੇਟਾ ਦਾ ਵਿਸ਼ਲੇਸ਼ਣ ਕਰਨਾ; ਅਤੇ
- 1,200 ਤੋਂ ਵੱਧ ਨਿਵਾਸੀਆਂ, ਭਾਈਚਾਰਕ ਸੰਗਠਨਾਂ ਅਤੇ ਜਨਤਕ ਭਾਈਵਾਲਾਂ ਨਾਲ ਜੁੜਨਾ।

ਇਕੱਠੇ ਮਿਲ ਕੇ, ਇਹਨਾਂ ਕਦਮਾਂ ਨੇ ਰਿਚਮੰਡ ਦੇ ਭਵਿੱਖ ਲਈ ਇੱਕ ਸਾਂਝਾ ਦ੍ਰਿਸ਼ਟੀਕੋਣ ਬਣਾਉਣ ਵਿੱਚ ਮਦਦ ਕੀਤੀ ਅਤੇ ਇਸ ਯੋਜਨਾ ਨੂੰ ਬਣਾਉਣ ਵਿੱਚ ਸੇਧ ਦਿੱਤੀ।

# ਧਿਆਨ ਵਾਲੇ ਖੇਤਰ ਅਤੇ ਕਾਰਵਾਈਆਂ

ਯੋਜਨਾ ਵਿੱਚ ਪੰਜ ਮੁੱਖ ਧਿਆਨ ਵਾਲੇ ਖੇਤਰ ਅਤੇ 73 ਕਾਰਵਾਈਆਂ ਹਨ। ਪੰਜ ਧਿਆਨ ਵਾਲੇ ਖੇਤਰ ਹਨ:

### ਧਿਆਨ ਵਾਲਾ ਖੇਤਰ 1: ਮੁਢਲੀਆਂ ਲੋੜਾਂ ਤੱਕ ਪਹੁੰਚ ਵਿੱਚ ਸੁਧਾਰ ਕਰਨਾ

ਉਹ ਸੇਵਾਵਾਂ ਅਤੇ ਸਰੋਤ ਪ੍ਰਾਪਤ ਕਰਨ ਵਿੱਚ ਨਿਵਾਸੀਆਂ ਦੀ ਮਦਦ ਕਰਨੀ ਜਿਨ੍ਹਾਂ ਦੀ ਉਹਨਾਂ ਨੂੰ ਰੋਜ਼ਾਨਾ ਜੀਵਨ ਲਈ ਲੋੜ ਹੁੰਦੀ ਹੈ, ਜਿਵੇਂ ਕਿ ਭੋਜਨ ਅਤੇ ਆਸਰਾ।

### ਧਿਆਨ ਵਾਲਾ ਖੇਤਰ 2: ਹਰ ਕਿਸੇ ਨੂੰ ਸੁਆਗਤ ਅਤੇ ਸਵੀਕਾਰ ਕੀਤਾ ਗਿਆ ਮਹਿਸੂਸ ਕਰਾਉਣਾ

ਵੱਖ-ਵੱਖ ਸੱਭਿਆਚਾਰਾਂ ਅਤੇ ਉਮਰ ਸਮੂਹਾਂ ਦੇ ਲੋਕਾਂ ਦੀ ਇੱਕ ਦੂਜੇ ਤੋਂ ਸਿੱਖਣ ਅਤੇ ਸਤਿਕਾਰ ਕਰਨ ਵਿੱਚ ਮਦਦ ਕਰਕੇ ਰਿਚਮੰਡ ਦੀ ਵਿਵਿਧਤਾ ਦਾ ਜਸ਼ਨ ਮਨਾਉਣਾ।

### ਧਿਆਨ ਵਾਲਾ ਖੇਤਰ 3: ਸੁਰੱਖਿਅਤ, ਮਜ਼ਬੂਤ ਅਤੇ ਪਹੁੰਚਯੋਗ ਭਾਈਚਾਰਾ ਬਣਾਉਣਾ

ਪਾਰਕਾਂ, ਗਲੀਆਂ ਅਤੇ ਜਨਤਕ ਥਾਵਾਂ ਨੂੰ ਹਰ ਕਿਸੇ ਦੇ ਵਰਤਣ ਲਈ ਸੁਆਗਤੀ ਅਤੇ ਵਧੇਰੇ ਆਸਾਨ ਬਣਾਉਣਾ।

### ਧਿਆਨ ਵਾਲਾ ਖੇਤਰ 4: ਅਜਿਹੇ ਭਾਈਚਾਰੇ ਦਾ ਸਮਰਥਨ ਕਰਨਾ ਜਿੱਥੇ ਹਰ ਕੋਈ ਸ਼ਾਮਲ ਹੋ ਸਕਦਾ ਹੈ

ਇਸ ਬਾਰੇ ਮਹੱਤਵਪੂਰਨ ਜਾਣਕਾਰੀ ਲੱਭਣ ਵਿੱਚ ਲੋਕਾਂ ਦੀ ਮਦਦ ਕਰਨੀ ਕਿ ਸ਼ਹਿਰ ਵਿੱਚ ਕੀ ਹੋ ਰਿਹਾ ਹੈ ਅਤੇ ਉਹ ਕਿਵੇਂ ਹਿੱਸਾ ਲੈ ਸਕਦੇ ਹਨ ਅਤੇ ਆਪਣੇ ਵਿਚਾਰ ਕਿਵੇਂ ਸਾਂਝੇ ਕਰ ਸਕਦੇ ਹਨ।

### ਧਿਆਨ ਵਾਲਾ ਖੇਤਰ 5: ਭਾਈਚਾਰੇ ਦੀ ਇਕੱਠੇ ਮਿਲ ਕੇ ਕੰਮ ਕਰਨ ਦੀ ਸਮਰੱਥਾ ਨੂੰ ਵਧਾਉਣਾ

ਸਰਕਾਰਾਂ, ਸੰਗਠਨਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਰਿਚਮੰਡ ਨੂੰ ਇੱਕ ਬਿਹਤਰ ਸਥਾਨ ਬਣਾਉਣ ਲਈ ਸਹਿਯੋਗ ਕਰਨ।

# ਸਮਾਜਿਕ ਵਿਕਾਸ ਨੂੰ ਸਮਝਣਾ

ਸਮਾਜਿਕ ਵਿਕਾਸ ਹਰ ਕਿਸੇ ਲਈ ਸਿਹਤਮੰਦ, ਸੁਰੱਖਿਅਤ ਅਤੇ ਸਹਾਇਕ ਸਥਾਨ ਬਣਨ ਵਿੱਚ ਭਾਈਚਾਰਿਆਂ ਦੀ ਮਦਦ ਕਰਨ ਬਾਰੇ ਹੈ। ਇਹ ਰਿਹਾਇਸ਼, ਸਿਹਤ ਦੇਖਭਾਲ, ਸਿੱਖਿਆ, ਰੁਜ਼ਗਾਰ ਅਤੇ ਵਾਤਾਵਰਣ ਵਰਗੇ ਖੇਤਰਾਂ ਵਿੱਚ ਸੁਧਾਰ ਕਰਨ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ, ਤਾਂ ਜੋ ਇੱਕ ਅਜਿਹਾ ਭਾਈਚਾਰਾ ਬਣਾਇਆ ਜਾਵੇ ਜਿੱਥੇ ਹਰ ਕਿਸੇ ਕੋਲ ਸਫਲ ਹੋਣ ਅਤੇ ਬਿਹਤਰ ਭਵਿੱਖ ਹੋਣ ਦਾ ਮੌਕਾ ਹੋਵੇ। ਸਮਾਜਿਕ ਵਿਕਾਸ ਇਸ ਵਿਚਾਰ 'ਤੇ ਅਧਾਰਤ ਹੈ ਕਿ ਭਾਈਚਾਰੇ ਉਸ ਵੇਲੇ ਸਭ ਤੋਂ ਮਜ਼ਬੂਤ ਹੁੰਦੇ ਹਨ ਜਦੋਂ ਸਾਰੇ ਪਿਛੋਕੜਾਂ ਦੇ ਵਸਨੀਕ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰ ਸਕਦੇ ਹਨ, ਸਿਹਤਮੰਦ ਅਤੇ ਸੁਰੱਖਿਅਤ ਰਹਿ ਸਕਦੇ ਹਨ, ਅਤੇ ਆਪਣੇਪਣ ਅਤੇ ਸੰਬੰਧ ਦੀ ਭਾਵਨਾ ਮਹਿਸੂਸ ਕਰ ਸਕਦੇ ਹਨ। ਇਹ ਗੈਰ-ਮੁਨਾਫ਼ਾ ਅਤੇ ਭਾਈਚਾਰਕ ਸੰਗਠਨਾਂ ਅਤੇ ਨਿਵਾਸੀਆਂ ਦੇ ਨਾਲ-ਨਾਲ ਸਰਕਾਰ ਦੇ ਸਾਰੇ ਪੱਧਰਾਂ ਨੂੰ ਇਕੱਠਾ ਕਰਦਾ ਹੈ। ਇਕੱਠੇ ਮਿਲ ਕੇ ਕੰਮ ਕਰਕੇ, ਉਹ ਭਾਈਚਾਰੇ ਵਿੱਚ ਹਰ ਕਿਸੇ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹਨ।

ਅੱਜ, ਅਸੀਂ ਜਾਣਦੇ ਹਾਂ ਕਿ ਕੁਝ ਲੋਕਾਂ ਨੇ ਵਿਤਕਰੇ ਦਾ ਸਾਹਮਣਾ ਕੀਤਾ ਹੈ ਅਤੇ ਉਹ ਭਾਈਚਾਰਕ ਜੀਵਨ ਵਿੱਚ ਪੂਰੀ ਤਰ੍ਹਾਂ ਹਿੱਸਾ ਨਹੀਂ ਲੈ ਸਕੇ ਹਨ। ਸਿਟੀ ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਰਿਚਮੰਡ ਨੂੰ ਹਰ ਕਿਸੇ ਲਈ ਵਧੇਰੇ ਨਿਰਪੱਖ ਅਤੇ ਵਧੇਰੇ ਸਮਾਵੇਸ਼ੀ ਸਥਾਨ ਬਣਾਉਣ ਲਈ ਭਾਈਵਾਲਾਂ ਅਤੇ ਨਿਵਾਸੀਆਂ ਨਾਲ ਕੰਮ ਕਰਨ ਲਈ ਵਚਨਬੱਧ ਹੈ।

# ਧਿਆਨ ਵਾਲਾ ਖੇਤਰ 1: ਮੁਢਲੀਆਂ ਲੋੜਾਂ ਤੱਕ ਪਹੁੰਚ ਵਿੱਚ ਸੁਧਾਰ ਕਰਨਾ

## ਇਹ ਮਹੱਤਵਪੂਰਨ ਕਿਉਂ ਹੈ

ਕੋਈ ਭਾਈਚਾਰਾ ਉਦੋਂ ਸਫਲ ਹੁੰਦਾ ਹੈ ਜਦੋਂ ਹਰ ਕੋਈ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰ ਸਕਦਾ ਹੈ, ਜਿਵੇਂ ਕਿ ਲੋੜੀਂਦਾ ਭੋਜਨ, ਰਹਿਣ ਲਈ ਸੁਰੱਖਿਅਤ ਜਗ੍ਹਾ ਅਤੇ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਲਈ ਸਹਾਇਤਾ ਦਾ ਹੋਣਾ। ਹਾਲ ਹੀ ਵਿੱਚ, ਇਹ ਮੁਸ਼ਕਲ ਹੋ ਗਿਆ ਹੈ ਕਿਉਂਕਿ ਭੋਜਨ ਅਤੇ ਰਿਹਾਇਸ਼ ਦੀਆਂ ਕੀਮਤਾਂ ਵੱਧ ਗਈਆਂ ਹਨ, ਜਦੋਂ ਕਿ ਬਹੁਤ ਸਾਰੇ ਪਰਿਵਾਰਾਂ ਦੀ ਆਮਦਨੀ ਪਹਿਲਾਂ ਵਾਲੀ ਹੀ ਰਹੀ ਹੈ। ਭੋਜਨ, ਰਿਹਾਇਸ਼ ਅਤੇ ਸਿਹਤ ਦੇਖਭਾਲ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਸਮਰਥਨ ਕਰਕੇ ਸਿਟੀ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਰਿਚਮੰਡ ਦੇ ਵਸਨੀਕ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰ ਸਕਣ।

## ਕਾਰਵਾਈਆਂ

### ਭੁੱਖ ਨੂੰ ਘਟਾਉਣਾ

- ਭਾਈਚਾਰਕ ਭੋਜਨ ਯੋਜਨਾ ਤਿਆਰ ਅਤੇ ਲਾਗੂ ਕਰਨੀ ਤਾਂ ਜੋ ਆਪਣੀ ਲੋੜ ਦਾ ਭੋਜਨ ਵਧੇਰੇ ਆਸਾਨੀ ਨਾਲ ਪ੍ਰਾਪਤ ਕਰਨ ਵਿੱਚ ਲੋਕਾਂ ਦੀ ਮਦਦ ਕੀਤੀ ਜਾ ਸਕੇ।
- ਸਥਾਨਕ ਭੋਜਨ ਸੰਗਠਨਾਂ ਨੂੰ ਇਕੱਠਾ ਕਰਨਾ ਤਾਂ ਜੋ ਲੋਕ ਵਧੇਰੇ ਕਿਫ਼ਾਇਤੀ ਅਤੇ ਸੱਭਿਆਚਾਰਕ ਤੌਰ 'ਤੇ ਜਾਣੇ-ਪਛਾਣੇ ਭੋਜਨ ਤੱਕ ਪਹੁੰਚ ਕਰ ਸਕਣ।
- ਅਜਿਹੀ ਭਾਈਚਾਰਕ ਜਗ੍ਹਾ ਬਣਾਉਣ ਦੀ ਪੜਚੋਲ ਕਰਨੀ ਜਿੱਥੇ ਲੋਕ ਐਮਰਜੈਂਸੀ ਭੋਜਨ ਪ੍ਰਾਪਤ ਕਰ ਸਕਣ, ਸਿਹਤਮੰਦ ਭੋਜਨ ਬਣਾਉਣਾ ਸਿੱਖ ਸਕਣ ਅਤੇ ਮਦਦਗਾਰ ਸਰੋਤ ਲੱਭ ਸਕਣ।
- ਅਜਿਹੇ ਪ੍ਰੋਗਰਾਮਾਂ ਦਾ ਸਮਰਥਨ ਕਰਨਾ ਜੋ ਭੋਜਨ ਸੰਬੰਧੀ ਹੁਨਰ ਸਿਖਾਉਂਦੇ ਹਨ ਅਤੇ ਸਿਹਤਮੰਦ, ਪੌਸ਼ਟਿਕ ਅਤੇ ਸੱਭਿਆਚਾਰਕ ਤੌਰ 'ਤੇ ਜਾਣੇ-ਪਛਾਣੇ ਭੋਜਨ ਵਿਕਲਪਾਂ ਤੱਕ ਪਹੁੰਚ ਨੂੰ ਵਧਾਉਂਦੇ ਹਨ।

### ਬੇਘਰੀ ਨੂੰ ਰੋਕਣਾ ਅਤੇ ਘਟਾਉਣਾ

- ਉਹਨਾਂ ਲੋਕਾਂ ਜਿਨ੍ਹਾਂ ਨੇ ਬੇਘਰੀ ਦਾ ਅਨੁਭਵ ਕੀਤਾ ਹੈ, ਭਾਈਚਾਰਕ ਸਮੂਹਾਂ ਅਤੇ ਸਰਕਾਰੀ ਭਾਈਵਾਲਾਂ ਨਾਲ ਮਿਲ ਕੇ "ਹਾਊਸਿੰਗ ਫਸਟ" ਪਹੁੰਚ ਦੀ ਵਰਤੋਂ ਕਰਨ ਲਈ ਕੰਮ ਕਰਨਾ। ਇਸਦਾ ਅਰਥ ਹੈ ਲੋਕਾਂ ਦੀ ਤੁਰੰਤ ਰਿਹਾਇਸ਼ ਤੱਕ ਪਹੁੰਚ ਕਰਨ ਵਿੱਚ ਮਦਦ ਕਰਨੀ ਅਤੇ ਫਿਰ ਉਹਨਾਂ ਨੂੰ ਸਹਾਇਤਾ ਸੇਵਾਵਾਂ ਨਾਲ ਜੋੜਨਾ, ਜਿਵੇਂ ਕਿ ਸਿਹਤ ਦੇਖਭਾਲ ਜਾਂ ਜੀਵਨ ਹੁਨਰਾਂ ਦੀ ਸਿਖਲਾਈ।
- ਅਜਿਹੀ ਯੋਜਨਾ ਤਿਆਰ ਕਰਨੀ ਜੋ ਸੁਰੱਖਿਅਤ, ਲੰਬੇ ਸਮੇਂ ਦੇ ਘਰ ਲੱਭਣ ਵਿੱਚ ਲੋਕਾਂ ਦੀ ਮਦਦ ਕਰੇ ਅਤੇ ਉਹਨਾਂ ਲੋਕਾਂ ਦੀ ਸਹਾਇਤਾ ਕਰੇ ਜਿਨ੍ਹਾਂ ਨੂੰ ਆਪਣੇ ਘਰ ਗੁਆ ਦੇਣ ਦਾ ਜੋਖਮ ਹੈ।
- ਵਧੇਰੇ ਰਿਹਾਇਸ਼ ਬਣਾਉਣ ਲਈ ਸੂਬਾਈ ਅਤੇ ਸੰਘੀ ਸਰਕਾਰਾਂ, ਅਤੇ ਭਾਈਚਾਰਕ ਸੰਗਠਨਾਂ ਨਾਲ ਮਿਲ ਕੇ ਕੰਮ ਕਰਨਾ।
- ਭਾਈਚਾਰੇ ਵਿੱਚ ਬੇਘਰੀ ਨੂੰ ਰੋਕਣ ਲਈ ਯੋਜਨਾਵਾਂ ਤਿਆਰ ਕਰਨੀਆਂ ਅਤੇ ਭਾਈਚਾਰਕ ਸਮੂਹਾਂ ਅਤੇ ਸਰਕਾਰਾਂ ਨਾਲ ਮਿਲ ਕੇ ਕੰਮ ਕਰਕੇ ਉਹਨਾਂ ਲੋਕਾਂ ਦੀ ਸਹਾਇਤਾ ਕਰਨੀ ਜੋ ਪਹਿਲਾਂ ਹੀ ਬੇਘਰੀ ਦਾ ਸਾਹਮਣਾ ਕਰ ਰਹੇ ਹਨ।

## ਰਿਹਾਇਸ਼ ਦੇ ਵਿਕਲਪਾਂ ਨੂੰ ਵਧਾਉਣਾ

- ਨਵੀਆਂ ਯੋਜਨਾਵਾਂ, ਨੀਤੀਆਂ ਬਣਾ ਕੇ, ਜ਼ਮੀਨ ਖਰੀਦ ਕੇ ਅਤੇ ਭਾਈਚਾਰਕ ਸਮੂਹਾਂ ਅਤੇ ਸਰਕਾਰਾਂ ਨਾਲ ਕੰਮ ਕਰਕੇ ਰਿਹਾਇਸ਼ ਦੇ ਵਿਕਲਪਾਂ ਨੂੰ ਵਧਾਉਣਾ।
- ਅਜਿਹੇ ਵਧੇਰੇ ਘਰ ਬਣਾਉਣ ਲਈ ਜੋ ਵਸਨੀਕ ਅਸਾਨੀ ਨਾਲ ਖਰੀਦ ਸਕਦੇ ਹਨ, ਸੂਬਾਈ ਅਤੇ ਸੰਘੀ ਸਰਕਾਰਾਂ, ਅਤੇ ਗੈਰ-ਮੁਨਾਫ਼ਾ ਰਿਹਾਇਸ਼ ਪ੍ਰਦਾਤਾਵਾਂ ਨਾਲ ਕੰਮ ਕਰਨਾ।
- ਗੈਰ-ਮੁਨਾਫ਼ਾ ਰਿਹਾਇਸ਼ੀ ਸਮੂਹਾਂ, ਫੰਡ ਦੇਣ ਵਾਲਿਆਂ ਅਤੇ ਬਿਲਡਰਾਂ ਦਾ ਸਮਰਥਨ ਕਰਨਾ ਤਾਂ ਜੋ ਅਜਿਹੇ ਵਧੇਰੇ ਸੁਰੱਖਿਅਤ ਅਤੇ ਸਸਤੇ ਘਰ ਬਣਾਏ ਜਾਣ ਜੋ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ, ਖਾਸ ਤੌਰ 'ਤੇ ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ, ਜਿਵੇਂ ਕਿ ਬਜ਼ੁਰਗ।
- ਕਿਰਾਏਦਾਰਾਂ ਦੀ ਰੱਖਿਆ ਕਰਨ ਅਤੇ ਸੁਰੱਖਿਅਤ ਅਤੇ ਲੰਬੇ ਸਮੇਂ ਦੇ ਰਿਹਾਇਸ਼ੀ ਵਿਕਲਪਾਂ ਨੂੰ ਵਧਾਉਣ ਲਈ ਸਥਾਨਕ ਸਰਕਾਰੀ ਸਾਧਨਾਂ ਦੀ ਵਰਤੋਂ ਕਰਨੀ।
- ਜ਼ਰੂਰੀ ਕਰਮਚਾਰੀਆਂ ਲਈ ਵਧੇਰੇ ਕਿਫ਼ਾਇਤੀ ਰਿਹਾਇਸ਼ ਦਾ ਸਮਰਥਨ ਕਰਨਾ, ਜਿਵੇਂ ਕਿ ਸਿਹਤ ਸੰਭਾਲ ਸਟਾਫ਼ ਅਤੇ ਅਧਿਆਪਕ, ਜਿਨ੍ਹਾਂ ਦੀ ਆਮਦਨੀ ਹੋ ਸਕਦਾ ਹੈ ਕਿ ਕਿਰਾਏ ਦੀਆਂ ਮੌਜੂਦਾ ਕੀਮਤਾਂ ਨਾਲ ਮੇਲ ਨਾ ਖਾਂਦੀ ਹੋਵੇ।
- ਸੂਬਾਈ ਅਤੇ ਸੰਘੀ ਸਰਕਾਰਾਂ ਨੂੰ ਪੁਰਾਣੇ ਘਰਾਂ ਨੂੰ ਅੱਪਗ੍ਰੇਡ ਕਰਨ ਲਈ ਫੰਡ ਦੇਣ ਦੀ ਬੇਨਤੀ ਕਰਨੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਘਰ ਘੱਟ ਊਰਜਾ ਦੀ ਵਰਤੋਂ ਕਰਦੇ ਹਨ ਅਤੇ ਸੁਰੱਖਿਅਤ ਹਨ।
- ਅਸਮਰਥਤਾਵਾਂ ਵਾਲੇ ਲੋਕਾਂ ਅਤੇ ਬਜ਼ੁਰਗਾਂ ਲਈ ਵਧੀਆ ਕੰਮ ਕਰਨ ਵਾਲੇ ਘਰਾਂ ਨੂੰ ਲੱਭਣ ਅਤੇ ਸਹਾਇਤਾ ਕਰਨ ਲਈ ਸਿਟੀ ਯੋਜਨਾਬੰਦੀ ਸਾਧਨਾਂ ਦੀ ਵਰਤੋਂ ਕਰਨੀ।

## ਸਿਹਤ ਅਤੇ ਤੰਦਰੁਸਤੀ ਨੂੰ ਵਧਾਉਣਾ

- ਵਸਨੀਕਾਂ ਦੀ ਉਹਨਾਂ ਸਮਾਜਿਕ ਸੇਵਾਵਾਂ ਨਾਲ ਜੁੜਨ ਵਿੱਚ ਸਹਾਇਤਾ ਕਰਨੀ ਜੋ ਉਹਨਾਂ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਸਹਾਇਤਾ ਕਰਦੀਆਂ ਹਨ।
- ਨਿਵਾਸੀਆਂ ਲਈ ਡਾਕਟਰੀ ਦੇਖਭਾਲ, ਮਾਨਸਿਕ ਸਿਹਤ ਸੇਵਾਵਾਂ ਅਤੇ ਨਸ਼ਾ ਮੁਕਤੀ ਸੇਵਾਵਾਂ ਤੱਕ ਪਹੁੰਚ ਵਿੱਚ ਸਹਾਇਤਾ ਕਰਨੀ।
- ਅਜਿਹੇ ਆਂਢ-ਗੁਆਂਢ ਬਣਾਉਣੇ ਜਿੱਥੇ ਵਸਨੀਕ ਸੇਵਾਵਾਂ ਨਾਲ ਜੁੜ ਸਕਣ, ਸੰਪਰਕ ਬਣਾ ਸਕਣ ਅਤੇ ਇਕੱਲੇਪਣ ਦੀਆਂ ਭਾਵਨਾਵਾਂ ਨੂੰ ਘਟਾ ਸਕਣ।



# ਧਿਆਨ ਵਾਲਾ ਖੇਤਰ 2: ਹਰ ਕਿਸੇ ਨੂੰ ਸੁਆਗਤ ਅਤੇ ਸਵੀਕਾਰ ਕੀਤਾ ਗਿਆ ਮਹਿਸੂਸ ਕਰਾਉਣਾ

## ਇਹ ਮਹੱਤਵਪੂਰਨ ਕਿਉਂ ਹੈ

ਰਿਚਮੰਡ ਵਿੱਚ ਬਹੁਤ ਸਾਰੀਆਂ ਵੱਖ-ਵੱਖ ਭਾਸ਼ਾਵਾਂ, ਲਿੰਗਾਂ, ਧਰਮਾਂ, ਜਿਨਸੀ ਝੁਕਾਅ, ਯੋਗਤਾਵਾਂ, ਉਮਰ ਅਤੇ ਆਮਦਨੀ ਦੇ ਪੱਧਰਾਂ ਵਾਲੇ ਲੋਕ ਰਹਿੰਦੇ ਹਨ। ਸਿਟੀ ਦਾ ਟੀਚਾ ਇੱਕ ਅਜਿਹਾ ਭਾਈਚਾਰਾ ਬਣਾਉਣਾ ਹੈ ਜਿੱਥੇ ਹਰ ਕੋਈ ਸੁਰੱਖਿਅਤ, ਸੁਆਗਤ ਕੀਤਾ ਗਿਆ ਅਤੇ ਮਹੱਤਵ ਦਿੱਤਾ ਗਿਆ ਮਹਿਸੂਸ ਕਰੇ। ਇਸ ਟੀਚੇ ਦਾ ਸਮਰਥਨ ਕਰਨ ਲਈ, ਸਿਟੀ ਅਜਿਹੀਆਂ ਕਾਰਵਾਈਆਂ ਕਰੇਗਾ ਜੋ ਵੱਖ-ਵੱਖ ਸੱਭਿਆਚਾਰਾਂ ਅਤੇ ਉਮਰ ਸਮੂਹਾਂ ਦੇ ਲੋਕਾਂ ਦੀ ਇੱਕ ਦੂਜੇ ਨੂੰ ਸਮਝਣ, ਸਤਿਕਾਰ ਕਰਨ ਅਤੇ ਜੁੜਨ ਵਿੱਚ ਮਦਦ ਕਰਨ।

## ਕਾਰਵਾਈਆਂ

### ਭਾਈਚਾਰਿਆਂ ਵਿਚਕਾਰ ਆਪਣੇਪਣ ਦੀ ਭਾਵਨਾ ਨੂੰ ਵਧਾਉਣਾ

- ਭਾਈਚਾਰੇ ਦੇ ਮੈਂਬਰਾਂ ਲਈ ਇੱਕ ਦੂਜੇ ਨਾਲ ਗੱਲ ਕਰਨ ਅਤੇ ਇੱਕ ਦੂਜੇ ਬਾਰੇ ਬਿਹਤਰ ਸਮਝ ਬਣਾਉਣ ਦੇ ਮੌਕੇ ਪੈਦਾ ਕਰਨੇ।
- ਵੱਖ-ਵੱਖ ਉਮਰ ਸਮੂਹਾਂ ਅਤੇ ਸੱਭਿਆਚਾਰਕ ਸਮੂਹਾਂ ਦੇ ਲੋਕਾਂ ਨੂੰ ਭਾਈਵਾਲੀਆਂ ਅਤੇ ਗ੍ਰਾਂਟਾਂ ਰਾਹੀਂ ਰਿਚਮੰਡ ਦੇ ਬਹੁਤ ਸਾਰੇ ਸੱਭਿਆਚਾਰਾਂ ਦਾ ਜਸ਼ਨ ਮਨਾਉਣ ਲਈ ਵਧੇਰੇ ਤਰੀਕੇ ਪੇਸ਼ ਕਰਨੇ।
- ਕਲੰਕ ਅਤੇ ਵਿਤਕਰੇ ਨੂੰ ਘਟਾਉਣ ਲਈ ਮਾਨਸਿਕ ਸਿਹਤ ਅਤੇ ਨਸ਼ਿਆਂ ਬਾਰੇ ਵਧੇਰੇ ਜਾਗਰੂਕਤਾ ਦਾ ਸਮਰਥਨ ਕਰਨਾ, ਅਤੇ ਇੱਕ ਅਜਿਹਾ ਭਾਈਚਾਰਾ ਬਣਾਉਣ ਵਿੱਚ ਮਦਦ ਕਰਨੀ ਜਿੱਥੇ ਲੋਕ ਵਧੇਰੇ ਸ਼ਾਮਲ ਮਹਿਸੂਸ ਕਰਦੇ ਹਨ।
- ਸ਼ਹਿਰ ਭਰ ਵਿੱਚ ਕਲਾਵਾਂ ਅਤੇ ਪ੍ਰੋਗਰਾਮਾਂ ਵਿੱਚ ਮੂਲਵਾਸੀ ਸੱਭਿਆਚਾਰ ਅਤੇ ਇਤਿਹਾਸ ਨੂੰ ਸ਼ਾਮਲ ਕਰਨ ਲਈ ਸਥਾਨਕ ਫਰਸਟ ਨੇਸ਼ਨਜ਼ ਅਤੇ ਸ਼ਹਿਰੀ ਮੂਲਵਾਸੀ ਭਾਈਚਾਰਿਆਂ ਨਾਲ ਕੰਮ ਕਰਨਾ।
- ਬੇਘਰੀ ਅਤੇ ਉਪਲਬਧ ਸਹਾਇਤਾ ਸੇਵਾਵਾਂ ਬਾਰੇ ਸਿੱਖਣ ਵਿੱਚ ਭਾਈਚਾਰੇ ਦੀ ਮਦਦ ਕਰਨੀ।
- ਭਾਈਵਾਲੀਆਂ ਅਤੇ ਸਿੱਖਿਆ ਰਾਹੀਂ ਜਨਤਕ ਸਮਝ ਨੂੰ ਵਧਾ ਕੇ ਭਾਈਚਾਰੇ ਵਿੱਚ ਨਫ਼ਰਤ, ਧੱਕੇਸ਼ਾਹੀ ਅਤੇ ਵਿਤਕਰੇ ਨੂੰ ਘਟਾਉਣ ਦੇ ਤਰੀਕੇ ਲੱਭਣੇ।
- ਅਜਿਹੇ ਪ੍ਰੋਜੈਕਟਾਂ ਦਾ ਸਮਰਥਨ ਕਰਨਾ ਜੋ ਇੱਕ ਦੂਜੇ ਨਾਲ ਜੁੜਨ ਵਿੱਚ ਲੋਕਾਂ ਦੀ ਮਦਦ ਕਰਦੇ ਹਨ, ਜਿਨ੍ਹਾਂ ਵਿੱਚ ਅਜਿਹੀਆਂ ਪਹਿਲਕਦਮੀਆਂ ਸ਼ਾਮਲ ਹਨ ਜੋ ਅਪਾਰਟਮੈਂਟ ਬਿਲਡਿੰਗਾਂ ਵਿੱਚ ਗੁਆਂਢੀਆਂ ਨੂੰ ਇਕੱਠਾ ਕਰਦੀਆਂ ਹਨ।
- ਭਾਈਚਾਰੇ ਦੀ ਅਗਵਾਈ ਵਾਲੇ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨਾ ਅਤੇ ਉਹਨਾਂ ਦਾ ਸਮਰਥਨ ਕਰਨਾ ਜੋ ਲੋਕਾਂ ਦੀ ਇੱਕ ਦੂਜੇ ਨਾਲ ਮਜ਼ਬੂਤ ਸੰਬੰਧ ਬਣਾਉਣ ਵਿੱਚ ਮਦਦ ਕਰਦੇ ਹਨ।

## ਸਾਰੀਆਂ ਉਮਰਾਂ ਅਤੇ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਲਈ ਯੋਜਨਾ ਬਣਾਉਣੀਆਂ

- ਨੌਜਵਾਨਾਂ, ਕੰਮ ਕਰ ਰਹੇ ਬਾਲਗਾਂ, ਨੌਜਵਾਨ ਪਰਿਵਾਰਾਂ ਅਤੇ ਬਜ਼ੁਰਗਾਂ ਸਮੇਤ, ਸਾਰੇ ਉਮਰ ਸਮੂਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਅੱਪਡੇਟ ਕਰਨਾ।
- ਪ੍ਰਾਈਵੇਟ ਅਤੇ ਜਨਤਕ ਭਾਈਵਾਲਾਂ, ਗੈਰ-ਮੁਨਾਫ਼ਾ ਸੰਗਠਨਾਂ, ਅਤੇ ਸੂਬਾਈ ਅਤੇ ਸੰਘੀ ਸਰਕਾਰਾਂ ਨਾਲ ਕੰਮ ਕਰਕੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਤੋਂ ਬਾਹਰ ਦੇ ਸਮਿਆਂ ਵਿੱਚ ਕਿਫ਼ਾਇਤੀ ਬਾਲ ਦੇਖਭਾਲ ਸੇਵਾਵਾਂ ਦਾ ਸਮਰਥਨ ਕਰਨਾ।
- ਯੋਜਨਾਬੰਦੀ, ਸਰਗਰਮ ਗਤੀਸ਼ੀਲਤਾ ਦਾ ਸਮਰਥਨ ਕਰਨ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ, ਖੇਡ, ਭਾਗੀਦਾਰੀ ਅਤੇ ਸਮਾਜਿਕ ਸੰਪਰਕ ਦੇ ਨਾਲ ਬੱਚਿਆਂ ਅਤੇ ਨੌਜਵਾਨਾਂ ਲਈ ਅਨੁਕੂਲ ਭਾਈਚਾਰਾ ਬਣਾਉਣਾ।
- ਯੋਜਨਾਬੰਦੀ ਅਤੇ ਵਿਕਾਸ ਪ੍ਰੋਜੈਕਟਾਂ ਵਿੱਚ ਵੱਖ-ਵੱਖ ਉਮਰ ਸਮੂਹਾਂ ਦੇ ਲੋਕਾਂ ਨੂੰ ਸ਼ਾਮਲ ਕਰਨਾ ਤਾਂ ਜੋ ਉਹਨਾਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਿਆ ਅਤੇ ਪੂਰਾ ਕੀਤਾ ਜਾ ਸਕੇ।
- ਅਜਿਹੀਆਂ ਨੀਤੀਆਂ, ਯੋਜਨਾਬੰਦੀ ਸਾਧਨਾਂ ਅਤੇ ਸੇਵਾਵਾਂ ਨੂੰ ਵਿਕਸਿਤ ਕਰਨਾ ਅਤੇ ਵਰਤਣਾ ਜੋ ਬਜ਼ੁਰਗਾਂ ਦੀਆਂ ਦਿਲਚਸਪੀਆਂ ਅਤੇ ਲੋੜਾਂ ਦਾ ਸਮਰਥਨ ਕਰਦੇ ਹਨ ਅਤੇ ਭਾਈਚਾਰੇ ਵਿੱਚ ਸਰਗਰਮ ਰਹਿਣ ਵਿੱਚ ਉਹਨਾਂ ਦੀ ਮਦਦ ਕਰਦੇ ਹਨ।
- ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਲੋਕਾਂ ਦੀ ਸਹਾਇਤਾ ਕਰਨ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਕੇ ਮੌਜੂਦਾ ਅਤੇ ਭਵਿੱਖ, ਦੋਵਾਂ ਤਰ੍ਹਾਂ ਦੀਆਂ ਲੋੜਾਂ ਲਈ ਯੋਜਨਾ ਬਣਾਉਣੀ।
- ਅਜਿਹੀਆਂ ਯੋਜਨਾਵਾਂ ਬਣਾਉਣੀਆਂ ਜੋ ਲੋਕਾਂ ਨੂੰ ਭਾਈਚਾਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਵਧੇਰੇ ਮੌਕਾ ਦਿੰਦੀਆਂ ਹਨ, ਖਾਸ ਕਰਕੇ 19 ਤੋਂ 24 ਸਾਲ ਦੀ ਉਮਰ ਦੇ ਨੌਜਵਾਨ ਬਾਲਗਾਂ ਅਤੇ ਕੰਮਕਾਜੀ ਪਰਿਵਾਰਾਂ ਨੂੰ।



# ਧਿਆਨ ਵਾਲਾ ਖੇਤਰ 3: ਸੁਰੱਖਿਅਤ, ਮਜ਼ਬੂਤ ਅਤੇ ਪਹੁੰਚਯੋਗ ਭਾਈਚਾਰਾ ਬਣਾਉਣਾ

## ਇਹ ਮਹੱਤਵਪੂਰਨ ਕਿਉਂ ਹੈ

ਇੱਕ ਸੁਰੱਖਿਅਤ ਅਤੇ ਪਹੁੰਚਯੋਗ ਭਾਈਚਾਰਾ ਉਹ ਹੁੰਦਾ ਹੈ ਜਿੱਥੇ ਹਰ ਕੋਈ ਆਸਾਨੀ ਨਾਲ ਘੁੰਮ-ਫਿਰ ਸਕਦਾ ਹੈ ਅਤੇ ਦੂਜਿਆਂ ਨਾਲ ਜੁੜ ਸਕਦਾ ਹੈ। ਸਿਟੀ ਚਾਹੁੰਦਾ ਹੈ ਕਿ ਜਨਤਕ ਥਾਵਾਂ ਲੋਕਾਂ ਦੇ ਵਰਤਣ ਲਈ ਆਸਾਨ ਹੋਣ, ਭਾਵੇਂ ਉਹਨਾਂ ਦੀ ਉਮਰ ਕੋਈ ਵੀ ਹੋਵੇ ਜਾਂ ਉਹ ਕਿਸੇ ਵੀ ਤਰ੍ਹਾਂ ਨਾਲ ਘੁੰਮਦੇ ਹੋਣ। ਇਸ ਵਿੱਚ ਨਿਰਵਿਘਨ ਰਸਤੇ, ਰੈਂਪ, ਸਪੱਸ਼ਟ ਸੰਕੇਤ ਅਤੇ ਸੁਰੱਖਿਅਤ ਕ੍ਰਾਸਿੰਗਾਂ ਸ਼ਾਮਲ ਹਨ, ਜਿਸ ਨਾਲ ਵਸਨੀਕ ਇਹਨਾਂ ਖੇਤਰਾਂ ਦਾ ਆਨੰਦ ਮਾਣ ਸਕਦੇ ਹਨ ਅਤੇ ਆਪਣੇ ਭਾਈਚਾਰੇ ਵਿੱਚ ਸੰਬੰਧ ਦੀ ਮਜ਼ਬੂਤ ਭਾਵਨਾ ਮਹਿਸੂਸ ਕਰ ਸਕਦੇ ਹਨ।

## ਕਾਰਵਾਈਆਂ

### ਜਨਤਕ ਖੇਤਰਾਂ ਤੱਕ ਪਹੁੰਚ ਨੂੰ ਆਸਾਨ ਬਣਾਉਣਾ

- ਸਾਰੀਆਂ ਉਮਰਾਂ, ਭਾਸ਼ਾਵਾਂ ਅਤੇ ਯੋਗਤਾਵਾਂ ਵਾਲੇ ਲੋਕਾਂ ਦੀ ਭਾਈਚਾਰੇ ਵਿੱਚ ਆਪਣਾ ਰਸਤਾ ਲੱਭਣ ਵਿੱਚ ਸਹਾਇਤਾ ਕਰਨ ਲਈ ਨਵੇਂ ਸਾਧਨਾਂ ਅਤੇ ਟੈਕਨਾਲੋਜੀ ਦੀ ਪੜਚੋਲ ਕਰਨੀ।
- ਆਰਾਮ ਕਰਨ ਲਈ ਸ਼ਾਂਤ ਖੇਤਰਾਂ ਅਤੇ ਸਥਾਨਾਂ ਨੂੰ ਸ਼ਾਮਲ ਕਰਕੇ ਜਨਤਕ ਥਾਵਾਂ ਵਿੱਚ ਸੁਧਾਰ ਕਰਨਾ।
- ਅਜਿਹੇ ਸਿਟੀ ਪ੍ਰੋਜੈਕਟ ਡਿਜ਼ਾਈਨ ਕਰਨੇ ਤਾਂ ਜੋ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕ ਆਸਾਨੀ ਨਾਲ ਇਧਰ-ਉਧਰ ਜਾ ਸਕਣ ਅਤੇ ਆਪਣੀ ਲੋੜ ਦੀ ਚੀਜ਼ ਲੱਭ ਸਕਣ।
- ਪਾਰਕਾਂ, ਰਸਤਿਆਂ ਅਤੇ ਹੋਰ ਜਨਤਕ ਖੇਤਰਾਂ ਤੱਕ ਪਹੁੰਚ ਨੂੰ ਵਧਾਉਣਾ ਅਤੇ ਉਹਨਾਂ ਨੂੰ ਹਰ ਕਿਸੇ ਲਈ ਵਰਤਣਾ ਆਸਾਨ ਬਣਾਉਣਾ।

### ਸਾਰੀਆਂ ਉਮਰਾਂ ਅਤੇ ਯੋਗਤਾਵਾਂ ਵਾਲੇ ਲੋਕਾਂ ਦੀ ਆਵਾਜਾਈ ਦੇ ਵਧੇਰੇ ਵਿਕਲਪਾਂ ਵਿੱਚ ਮਦਦ ਕਰਨੀ

- ਯਕੀਨੀ ਬਣਾਉਣਾ ਕਿ ਸੇਵਾਵਾਂ, ਕੰਮ, ਸਕੂਲ ਅਤੇ ਸਮਾਜਿਕ ਗਤੀਵਿਧੀਆਂ ਤੱਕ ਪਹੁੰਚਣ ਲਈ ਸੜਕਾਂ ਅਤੇ ਆਵਾਜਾਈ ਦੇ ਵਿਕਲਪ ਸੁਰੱਖਿਅਤ ਅਤੇ ਵਰਤਣ ਵਿੱਚ ਆਸਾਨ ਹੋਣ।
- ਪੈਦਲ ਤੁਰਨ ਅਤੇ ਸਾਈਕਲ ਚਲਾਉਣ ਦੇ ਵਿਕਲਪਾਂ ਵਿੱਚ ਸੁਧਾਰ ਕਰਨਾ ਤਾਂ ਜੋ ਉਹ ਹਰ ਕਿਸੇ ਲਈ ਸੁਰੱਖਿਅਤ, ਅਰਾਮਦੇਹ ਅਤੇ ਮਜ਼ੇਦਾਰ ਹੋਣ, ਖਾਸ ਤੌਰ 'ਤੇ ਉਹਨਾਂ ਸਥਾਨਾਂ ਲਈ ਜੋ ਭਾਈਚਾਰਕ ਸੰਪਰਕ ਅਤੇ ਸਮੁੱਚੀ ਤੰਦਰੁਸਤੀ ਦਾ ਸਮਰਥਨ ਕਰਦੇ ਹਨ।

### ਆਪਸ ਵਿੱਚ ਜੁੜੇ ਆਂਢ-ਗੁਆਂਢ ਬਣਾਉਣੇ

- ਉਸ ਦਾ ਜਸ਼ਨ ਮਨਾਉਣਾ ਜੋ ਹਰੇਕ ਆਂਢ-ਗੁਆਂਢ ਨੂੰ ਵਿਲੱਖਣ ਬਣਾਉਂਦਾ ਹੈ ਅਤੇ ਗੁਆਂਢੀਆਂ ਲਈ ਆਪਸ ਵਿੱਚ ਜੁੜਨ ਦੇ ਤਰੀਕੇ ਬਣਾਉਣੇ, ਖਾਸ ਕਰਕੇ ਉੱਚ-ਘਣਤਾ ਵਾਲੇ ਖੇਤਰਾਂ ਵਿੱਚ।
- ਇਹ ਯਕੀਨੀ ਬਣਾਉਣ ਦੇ ਤਰੀਕਿਆਂ ਦੀ ਪੜਚੋਲ ਕਰਨੀ ਕਿ ਸਾਰੇ ਆਂਢ-ਗੁਆਂਢਾਂ ਦੀ ਵਧੇਰੇ ਸੇਵਾਵਾਂ ਅਤੇ ਭਾਈਚਾਰਕ ਥਾਵਾਂ ਤੱਕ ਪਹੁੰਚ ਹੋਵੇ।

## ਵਧੇਰੇ ਸੁਰੱਖਿਅਤ, ਮਜ਼ਬੂਤ ਭਾਈਚਾਰੇ ਬਣਾਉਣੇ

- ਭਾਈਵਾਲਾਂ ਨਾਲ ਕੰਮ ਕਰਕੇ ਅਤੇ ਸੁਰੱਖਿਆ ਹੁਨਰ ਸਿਖਾਉਣ ਵਾਲੇ ਵਿਦਿਅਕ ਪ੍ਰੋਗਰਾਮ ਪੇਸ਼ ਕਰਕੇ ਜਨਤਕ ਸੁਰੱਖਿਆ ਵਿੱਚ ਸੁਧਾਰ ਕਰਨਾ ਜਾਰੀ ਰੱਖਣਾ।
- 2SLGBTQI+ ਭਾਈਚਾਰਿਆਂ, ਮੂਲਵਾਸੀ ਲੋਕਾਂ, ਧਾਰਮਿਕ ਭਾਈਚਾਰਿਆਂ, ਨਸਲੀ ਅਤੇ ਜਾਤੀ ਸਮੂਹਾਂ ਅਤੇ ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੁਆਰਾ ਸਾਹਮਣਾ ਕੀਤੀਆਂ ਜਾਂਦੀਆਂ ਸੁਰੱਖਿਆ ਚਿੰਤਾਵਾਂ ਬਾਰੇ ਜਾਣਨ ਵਿੱਚ ਲੋਕਾਂ ਦੀ ਮਦਦ ਕਰਨੀ।
- ਅਜਿਹੀਆਂ ਪਹਿਲਕਦਮੀਆਂ ਦਾ ਸਮਰਥਨ ਕਰਨਾ ਜੋ ਐਮਰਜੈਂਸੀਆਂ ਲਈ ਤਿਆਰੀ ਕਰਨ ਵਿੱਚ ਨਿਵਾਸੀਆਂ ਦੀ ਮਦਦ ਕਰਦੀਆਂ ਹਨ।
- ਅਜਿਹੇ ਪ੍ਰੋਗਰਾਮ ਬਣਾ ਕੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣਾ ਜਾਰੀ ਰੱਖਣਾ ਜੋ ਅਨੁਕੂਲ ਬਣਨ ਵਿੱਚ ਲੋਕਾਂ ਦੀ ਮਦਦ ਕਰਦੇ ਹਨ, ਖਾਸ ਤੌਰ 'ਤੇ ਉਹਨਾਂ ਲੋਕਾਂ ਦੀ ਜੋ ਬਹੁਤ ਜ਼ਿਆਦਾ ਖ਼ਰਾਬ ਮੌਸਮ ਜਾਂ ਹਵਾ ਦੀ ਮਾੜੀ ਗੁਣਵੱਤਾ ਦੀਆਂ ਘਟਨਾਵਾਂ ਦੌਰਾਨ ਸੰਘਰਸ਼ ਕਰ ਸਕਦੇ ਹਨ, ਜਿਵੇਂ ਕਿ ਬਜ਼ੁਰਗ।



# ਧਿਆਨ ਵਾਲਾ ਖੇਤਰ 4: ਅਜਿਹੇ ਭਾਈਚਾਰੇ ਦਾ ਸਮਰਥਨ ਕਰਨਾ ਜਿੱਥੇ ਹਰ ਕੋਈ ਸ਼ਾਮਲ ਹੋ ਸਕਦਾ ਹੈ

## ਇਹ ਮਹੱਤਵਪੂਰਨ ਕਿਉਂ ਹੈ

ਇੱਕ ਮਜ਼ਬੂਤ, ਜੁੜੇ ਹੋਏ ਭਾਈਚਾਰੇ ਵਿੱਚ, ਹਰ ਕਿਸੇ ਕੋਲ ਹਿੱਸਾ ਲੈਣ ਅਤੇ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਨੂੰ ਆਕਾਰ ਦੇਣ ਵਿੱਚ ਮਦਦ ਕਰਨ ਦਾ ਮੌਕਾ ਹੁੰਦਾ ਹੈ। ਸਿਟੀ ਦਾ ਉਦੇਸ਼ ਜਾਣਕਾਰੀ ਨੂੰ ਲੱਭਣ ਅਤੇ ਸਮਝਣ ਵਿੱਚ ਆਸਾਨ ਬਣਾ ਕੇ, ਵਰਤੋਂ ਵਿੱਚ ਆਸਾਨ ਟੈਕਨਾਲੋਜੀ ਪੇਸ਼ ਕਰਕੇ ਅਤੇ ਲੋਕਾਂ ਲਈ ਵਾਲੰਟੀਅਰ ਬਣਨ ਲਈ ਵਧੇਰੇ ਮੌਕੇ ਪੈਦਾ ਕਰਕੇ ਇਸਦਾ ਸਮਰਥਨ ਕਰਨਾ ਹੈ। ਇਹ ਪਹਿਲਕਦਮੀਆਂ ਸਾਰੇ ਪਿਛੋਕੜਾਂ ਵਾਲੇ ਲੋਕਾਂ ਦੀ ਭਾਈਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਆਪਣੇ ਵਿਚਾਰ ਸਾਂਝੇ ਕਰਨ ਵਿੱਚ ਮਦਦ ਕਰਨਗੀਆਂ ਤਾਂ ਜੋ ਹਰ ਕਿਸੇ ਲਈ ਇੱਕ ਮਜ਼ਬੂਤ ਭਵਿੱਖ ਦਾ ਨਿਰਮਾਣ ਕੀਤਾ ਜਾ ਸਕੇ।

## ਕਾਰਵਾਈਆਂ

### ਜਨਤਕ ਭਾਗੀਦਾਰੀ ਨੂੰ ਵਧਾਉਣਾ

- ਇਹ ਸਮਝਣ ਕਿ ਸਿਟੀ ਕਿਸ 'ਤੇ ਕੰਮ ਕਰ ਰਿਹਾ ਹੈ ਅਤੇ ਵਿਦਿਅਕ ਪ੍ਰੋਗਰਾਮਾਂ ਸਮੇਤ ਵੱਖ-ਵੱਖ ਤਰੀਕਿਆਂ ਨਾਲ ਜਾਣਕਾਰੀ ਸਾਂਝੀ ਕਰਕੇ ਸ਼ਾਮਲ ਹੋਣ ਵਿੱਚ ਲੋਕਾਂ ਦੀ ਮਦਦ ਕਰਨੀ।
- ਇਹ ਪਛਾਣਨਾ ਕਿ ਕਿਹੜੀ ਚੀਜ਼ ਲੋਕਾਂ ਨੂੰ ਸਥਾਨਕ ਫੈਸਲੇ ਲੈਣ ਵਿੱਚ ਹਿੱਸਾ ਲੈਣ ਤੋਂ ਰੋਕਦੀ ਹੈ ਅਤੇ ਇਹਨਾਂ ਰੁਕਾਵਟਾਂ ਨੂੰ ਦੂਰ ਕਰਨਾ, ਖਾਸ ਕਰਕੇ ਉਹਨਾਂ ਸਮੂਹਾਂ ਲਈ ਜੋ ਬਰਾਬਰੀ ਦੇ ਹੱਕਦਾਰ ਹਨ।
- ਵੱਖ-ਵੱਖ ਪਿਛੋਕੜਾਂ ਅਤੇ ਵੱਖ-ਵੱਖ ਹੁਨਰਾਂ ਵਾਲੇ ਲੋਕਾਂ ਨੂੰ ਸਿਟੀ ਸਲਾਹਕਾਰ ਕਮੇਟੀਆਂ ਵਿੱਚ ਹਿੱਸਾ ਲੈਣ ਲਈ ਸੱਦਾ ਦੇਣਾ ਅਤੇ ਉਹਨਾਂ ਦੀ ਸਹਾਇਤਾ ਕਰਨੀ।

### ਭਾਈਚਾਰਕ ਜੀਵਨ ਵਿੱਚ ਸ਼ਮੂਲੀਅਤ ਨੂੰ ਉਤਸ਼ਾਹਿਤ ਕਰੋ

- ਹਰ ਕਿਸੇ ਨੂੰ ਸ਼ਾਮਲ ਅਤੇ ਜੁੜੇ ਹੋਏ ਮਹਿਸੂਸ ਕਰਨ ਵਿੱਚ ਮਦਦ ਕਰਨ ਲਈ ਵਧੇਰੇ ਮੁਫ਼ਤ ਜਾਂ ਘੱਟ ਲਾਗਤ ਵਾਲੇ ਭਾਈਚਾਰਕ ਪ੍ਰੋਗਰਾਮ ਪੇਸ਼ ਕਰਨੇ।
- ਲੋਕਾਂ ਲਈ ਸਿਟੀ ਦੀ ਜਾਣਕਾਰੀ ਪ੍ਰਾਪਤ ਕਰਨਾ ਅਤੇ ਸਥਾਨਕ ਫੈਸਲੇ ਲੈਣ ਵਿੱਚ ਸ਼ਾਮਲ ਹੋਣਾ ਆਸਾਨ ਬਣਾਉਣ ਲਈ ਸਪਸ਼ਟ ਅਤੇ ਪ੍ਰਭਾਵਸ਼ਾਲੀ ਸੰਚਾਰ ਸਾਧਨਾਂ ਦੀ ਵਰਤੋਂ ਕਰਨੀ।
- MyRichmond ਵਰਗੇ ਸਾਧਨਾਂ ਦਾ ਪ੍ਰਚਾਰ ਕਰਨਾ, ਤਾਂ ਜੋ ਵਸਨੀਕ ਆਸਾਨੀ ਨਾਲ ਸਿਟੀ ਬਾਰੇ ਜਾਣਕਾਰੀ ਲੱਭ ਸਕਣ ਅਤੇ ਫੀਡਬੈਕ ਸਾਂਝੀ ਕਰ ਸਕਣ।
- ਉਹਨਾਂ ਤਰੀਕਿਆਂ ਨੂੰ ਪਛਾਣਨਾ ਅਤੇ ਉਤਸ਼ਾਹਿਤ ਕਰਨਾ ਜੋ ਭਾਈਚਾਰਕ ਸੰਗਠਨਾਂ ਦੇ ਵਾਲੰਟੀਅਰ ਅਧਾਰ ਵਿੱਚ ਤਬਦੀਲੀਆਂ ਦੇ ਅਨੁਕੂਲ ਬਣਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ, ਜੋ ਕਿ ਭਾਈਚਾਰੇ ਨੂੰ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- ਸਮਾਜਿਕ ਮੁੱਦਿਆਂ ਦੇ ਹੱਲ ਕੱਢਣ ਲਈ ਬਰਾਬਰੀ ਦੇ ਹੱਕਦਾਰ ਸਮੂਹਾਂ ਸਮੇਤ, ਭਾਈਚਾਰੇ ਦੇ ਮੈਂਬਰਾਂ ਅਤੇ ਸੰਗਠਨਾਂ ਨਾਲ ਕੰਮ ਕਰਨਾ।
- ਅਜਿਹੇ ਪ੍ਰੋਗਰਾਮਾਂ ਦਾ ਸਮਰਥਨ ਕਰਨਾ ਜੋ ਬਰਾਬਰੀ ਦੇ ਹੱਕਦਾਰ ਸਮੂਹਾਂ ਲਈ ਰੁਕਾਵਟਾਂ ਨੂੰ ਦੂਰ ਕਰਦੇ ਹਨ ਅਤੇ ਰੋਕਦੇ ਹਨ, ਜਿਸ ਵਿੱਚ ਪ੍ਰੋਗਰਾਮ ਦੀਆਂ ਲਾਗਤਾਂ, ਟੈਕਨਾਲੋਜੀ ਤੱਕ ਪਹੁੰਚ, ਡਿਜੀਟਲ ਹੁਨਰ ਅਤੇ ਵਿੱਤੀ ਸਾਖਰਤਾ ਵਿੱਚ ਮਦਦ ਕਰਨਾ ਸ਼ਾਮਲ ਹੈ।
- ਭਾਈਚਾਰੇ ਦੀ ਅਗਵਾਈ ਵਾਲੇ ਪ੍ਰੋਗਰਾਮਾਂ ਦਾ ਸਮਰਥਨ ਕਰਮਾ ਜੋ ਛੋਟੇ ਪ੍ਰੋਜੈਕਟਾਂ, ਗ੍ਰਾਂਟਾਂ ਅਤੇ ਭਾਈਵਾਲੀ ਰਾਹੀਂ ਜੁੜੇ ਹੋਏ ਅਤੇ ਸ਼ਾਮਲ ਮਹਿਸੂਸ ਕਰਨ ਵਿੱਚ ਲੋਕਾਂ ਦੀ ਮਦਦ ਕਰਦੇ ਹਨ।

## ਆਰਥਿਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ

- ਸਥਾਨਕ ਕਾਰੋਬਾਰਾਂ ਦੀ ਜੁੜਨ, ਵਿਚਾਰ ਸਾਂਝੇ ਕਰਨ ਅਤੇ ਅੱਗੇ ਵਧਣ ਵਿੱਚ ਸਹਾਇਤਾ ਕਰਨੀ।
- ਅਜਿਹੇ ਭਾਈਚਾਰਕ ਪ੍ਰੋਗਰਾਮਾਂ ਦਾ ਸਮਰਥਨ ਕਰਨਾ ਜੋ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਲੋਕਾਂ ਸਮੇਤ ਬਰਾਬਰੀ ਦੇ ਹੱਕਦਾਰ ਸਮੂਹਾਂ ਦੀ, ਰੁਜ਼ਗਾਰ ਦੇ ਹੁਨਰ ਹਾਸਲ ਕਰਨ, ਸਲਾਹਕਾਰ ਲੱਭਣ ਅਤੇ ਨੌਕਰੀਆਂ ਸੁਰੱਖਿਅਤ ਕਰਨ ਮਦਦ ਕਰਦੇ ਹਨ।



# ਧਿਆਨ ਵਾਲਾ ਖੇਤਰ 5: ਭਾਈਚਾਰੇ ਦੀ ਇਕੱਠੇ ਮਿਲ ਕੇ ਕੰਮ ਕਰਨ ਦੀ ਸਮਰੱਥਾ ਨੂੰ ਵਧਾਉਣਾ

## ਇਹ ਮਹੱਤਵਪੂਰਨ ਕਿਉਂ ਹੈ

ਸਿਟੀ ਅੱਜ ਦੀਆਂ ਸਮਾਜਿਕ ਚੁਣੌਤੀਆਂ ਨੂੰ ਆਪਣੇ-ਆਪ ਹੱਲ ਨਹੀਂ ਕਰ ਸਕਦਾ। ਇਸ ਨੂੰ ਲਾਜ਼ਮੀ ਤੌਰ 'ਤੇ ਸਰਕਾਰ ਦੇ ਸਾਰੇ ਪੱਧਰਾਂ, ਭਾਈਚਾਰਕ ਸਮੂਹਾਂ, ਨਿਵਾਸੀਆਂ, ਸਥਾਨਕ ਫਰਸਟ ਨੇਸ਼ਨਜ਼ ਅਤੇ ਸ਼ਹਿਰੀ ਮੂਲਵਾਸੀ ਭਾਈਚਾਰਿਆਂ ਨਾਲ ਕੰਮ ਕਰਨਾ ਚਾਹੀਦਾ ਹੈ। ਇਕੱਠੇ ਮਿਲ ਕੇ ਕੰਮ ਕਰਕੇ, ਸਿਟੀ ਭਾਈਚਾਰੇ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝ ਸਕਦਾ ਹੈ ਅਤੇ ਅਜਿਹੇ ਹੱਲ ਤਿਆਰ ਕਰ ਸਕਦਾ ਹੈ ਜੋ ਭਾਈਚਾਰੇ ਵਿੱਚ ਅਸਲ, ਸਕਾਰਾਤਮਕ ਫਰਕ ਲਿਆਉਂਦੇ ਹਨ।

## ਕਾਰਵਾਈਆਂ

### ਭਾਈਚਾਰਕ ਸਮਰੱਥਾ ਬਣਾਉਣੀ ਅਤੇ ਮਜ਼ਬੂਤ ਕਰਨੀ

- ਅਜਿਹੇ ਸਮੂਹਾਂ ਅਤੇ ਪ੍ਰੋਜੈਕਟਾਂ ਵਿੱਚ ਸ਼ਾਮਲ ਹੋ ਕੇ ਜੋ ਸੰਗਠਨਾਂ ਨੂੰ ਇਕੱਠਾ ਕਰਦੇ ਹਨ, ਮਹੱਤਵਪੂਰਨ ਸਮਾਜਿਕ ਮੁੱਦਿਆਂ ਨੂੰ ਹੱਲ ਕਰਨ ਲਈ ਭਾਈਚਾਰਕ ਭਾਈਵਾਲਾਂ ਨਾਲ ਕੰਮ ਕਰਨਾ।
- ਰਿਚਮੰਡ ਵਿੱਚ ਸਮਾਜਿਕ ਮੁੱਦਿਆਂ ਦੇ ਹੱਲ ਵਿਕਸਿਤ ਕਰਨ ਲਈ ਨਿਯਮਿਤ ਤੌਰ 'ਤੇ ਮੀਟਿੰਗਾਂ ਕਰਕੇ ਸੂਬਾਈ ਅਤੇ ਸੰਘੀ ਸਰਕਾਰਾਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਾ।
- ਭਾਈਚਾਰਕ ਲੋੜਾਂ ਨੂੰ ਪੂਰਾ ਕਰਨ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਲੰਬੇ ਸਮੇਂ ਦੀ ਫੰਡਿੰਗ ਪ੍ਰਾਪਤ ਕਰਨ ਵਾਸਤੇ ਸੂਬਾਈ ਅਤੇ ਸੰਘੀ ਸਰਕਾਰਾਂ ਨਾਲ ਕੰਮ ਕਰਨਾ।
- ਸਿਟੀ ਗ੍ਰਾਂਟ ਪ੍ਰੋਗਰਾਮ ਦੀ ਨਿਯਮਿਤ ਤੌਰ 'ਤੇ ਸਮੀਖਿਆ ਕਰਨੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਭਾਈਚਾਰਕ ਲੋੜਾਂ ਦਾ ਸਮਰਥਨ ਕਰਦਾ ਹੈ ਅਤੇ ਸਿਟੀ ਦੇ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕਰਦਾ ਹੈ।
- ਜਗ੍ਹਾ ਲੱਭਣ ਵਿੱਚ ਸਮਾਜਕ ਸੇਵਾ ਏਜੰਸੀਆਂ ਦੀ ਸਹਾਇਤਾ ਕਰਨੀ ਤਾਂ ਜੋ ਉਹ ਅੱਗੇ ਵੱਧ ਸਕਣ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਮਦਦ ਕਰਨਾ ਜਾਰੀ ਰੱਖ ਸਕਣ।
- ਅਜਿਹੀ ਜ਼ਮੀਨ ਪ੍ਰਾਪਤ ਕਰਨ ਲਈ ਜੋ ਸਿਟੀ ਦੀ ਲੰਬੇ ਸਮੇਂ ਦੀ ਯੋਜਨਾਬੰਦੀ ਅਤੇ ਸਮਾਜਿਕ ਵਿਕਾਸ ਦੇ ਟੀਚਿਆਂ ਦਾ ਸਮਰਥਨ ਕਰੇ, ਅਭਿਆਸਾਂ ਦੀ ਖੋਜ ਕਰਨੀ ਅਤੇ ਉਹਨਾਂ ਨੂੰ ਲਾਗੂ ਕਰਨਾ।

### ਸਥਾਨਕ ਫਰਸਟ ਨੇਸ਼ਨਜ਼ ਅਤੇ ਸ਼ਹਿਰੀ ਮੂਲਵਾਸੀ ਭਾਈਚਾਰਿਆਂ ਨਾਲ ਸੰਬੰਧ ਬਣਾਉਣੇ

- ਰਿਚਮੰਡ ਵਿੱਚ ਸਥਾਨਕ ਫਰਸਟ ਨੇਸ਼ਨਜ਼ ਅਤੇ ਸ਼ਹਿਰੀ ਮੂਲਵਾਸੀ ਭਾਈਚਾਰਿਆਂ ਨਾਲ ਸੰਬੰਧ ਬਣਾਉਣੇ ਅਤੇ ਮਜ਼ਬੂਤ ਕਰਨੇ, ਅਤੇ ਸੁਲ੍ਹਾ-ਸਫ਼ਾਈ ਲਈ ਸ਼ਹਿਰ-ਵਿਆਪੀ ਪਹੁੰਚ ਵਿਕਸਿਤ ਕਰਨੀ।
- ਰਿਚਮੰਡ ਵਿੱਚ ਸ਼ਹਿਰੀ ਮੂਲਵਾਸੀ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰਨਾ ਤਾਂ ਜੋ ਉਹਨਾਂ ਦੀਆਂ ਲੋੜਾਂ ਅਤੇ ਉਹਨਾਂ ਭਾਈਚਾਰਿਆਂ ਦੇ ਟੀਚਿਆਂ ਨੂੰ ਬਿਹਤਰ ਤਰੀਕੇ ਨਾਲ ਸਮਝਿਆ ਜਾ ਸਕੇ ਜਿਨ੍ਹਾਂ ਵਿੱਚ ਉਹ ਰਹਿੰਦੇ ਹਨ।

**ਬਦਲਦੀਆਂ ਲੋੜਾਂ 'ਤੇ ਪ੍ਰਤਿਕਿਰਿਆ ਕਰਨ ਦੀ ਸਿਟੀ ਦੀ ਯੋਗਤਾ ਨੂੰ ਵਧਾਉਣਾ**

- ਸਿਟੀ ਦੀਆਂ ਯੋਜਨਾਵਾਂ, ਨੀਤੀਆਂ ਅਤੇ ਵਿਹਾਰਾਂ ਨੂੰ ਬਣਾਉਣ ਜਾਂ ਅੱਪਡੇਟ ਕਰਦੇ ਸਮੇਂ ਸਮਾਜਿਕ ਬਰਾਬਰੀ ਵਾਲੀ ਪਹੁੰਚ ਨੂੰ ਲਾਗੂ ਕਰਨਾ ਤਾਂ ਜੋ ਸਿਟੀ ਬੇਇਨਸਾਫ਼ੀ ਨੂੰ ਘਟਾਉਣ ਅਤੇ ਪੂਰੇ ਭਾਈਚਾਰੇ ਲਈ ਲਾਭਾਂ ਨੂੰ ਵਧਾਉਣ ਦੇ ਤਰੀਕੇ ਲੱਭ ਸਕੇ।
- ਭਾਈਚਾਰੇ ਵਿੱਚ ਸੁਲ੍ਹਾ-ਸਫ਼ਾਈ, ਵਿਵਿਧਤਾ, ਬਰਾਬਰੀ ਅਤੇ ਸਮਾਵੇਸ਼ ਅਭਿਆਸਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਨ ਲਈ ਸਿਟੀ ਸਟਾਫ਼ ਨੂੰ ਸਿਖਲਾਈ ਅਤੇ ਸਿੱਖਣ ਦੇ ਮੌਕੇ ਪ੍ਰਦਾਨ ਕਰਨੇ।
- ਯਕੀਨੀ ਬਣਾਉਣਾ ਕਿ ਸਿਟੀ ਕੋਲ ਰਿਚਮੰਡ ਦੀ ਆਬਾਦੀ ਦੀਆਂ ਬਦਲਦੀਆਂ ਸਮਾਜਿਕ ਲੋੜਾਂ ਦੀ ਯੋਜਨਾ ਬਣਾਉਣ ਅਤੇ ਉਹਨਾਂ ਨੂੰ ਪੂਰਾ ਕਰਨ ਲਈ ਲੋੜੀਂਦਾ ਸਟਾਫ਼ ਹੈ।
- ਭਾਈਚਾਰਕ ਲੋੜਾਂ ਅਤੇ ਸਹਾਇਤਾ ਯੋਜਨਾਬੰਦੀ ਵਿੱਚ ਤਬਦੀਲੀਆਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਮੌਜੂਦਾ ਡੇਟਾ ਦੀ ਨਿਗਰਾਨੀ ਕਰਨੀ।
- ਸੂਬਾਈ ਅਤੇ ਸੰਘੀ ਪ੍ਰੋਗਰਾਮਾਂ ਅਤੇ ਕਾਨੂੰਨ ਵਿੱਚ ਤਬਦੀਲੀਆਂ 'ਤੇ ਨਜ਼ਰ ਰੱਖਣੀ ਤਾਂ ਜੋ ਸਮਾਜਿਕ ਮੁੱਦਿਆਂ 'ਤੇ ਉਹਨਾਂ ਦੇ ਪ੍ਰਭਾਵ ਨੂੰ ਸਮਝਿਆ ਜਾ ਸਕੇ ਅਤੇ ਨਵੇਂ ਮੌਕਿਆਂ ਦੀ ਵਰਤੋਂ ਕੀਤੀ ਜਾ ਸਕੇ।
- ਭਾਈਚਾਰਕ ਭਲਾਈ ਵਿੱਚ ਸੁਧਾਰ ਕਰਨ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ, ਸਮਾਜਿਕ ਵਿਕਾਸ ਦੇ ਟੀਚਿਆਂ ਵੱਲ ਤਰੱਕੀ ਨੂੰ ਮਾਪਣ ਲਈ ਸਾਧਨ ਬਣਾਉਣੇ ਅਤੇ ਲਾਗੂ ਕਰਨੇ।
- ਅਨੁਵਾਦ ਕੀਤੀਆਂ ਕਾਪੀਆਂ ਸਮੇਤ, ਪਲਾਨ ਦਾ ਇੱਕ ਛੋਟਾ, ਸਰਲ ਭਾਸ਼ਾ ਦਾ ਸੰਸਕਰਣ ਬਣਾਉਣਾ ਤਾਂ ਜੋ ਇਸ ਨੂੰ ਸਮਝਣ ਵਿੱਚ ਵਧੇਰੇ ਲੋਕਾਂ ਦੀ ਮਦਦ ਕੀਤੀ ਜਾ ਸਕੇ।
- ਸਿਟੀ ਕਾਉਂਸਿਲ, ਭਾਈਚਾਰਕ ਭਾਈਵਾਲਾਂ ਅਤੇ ਜਨਤਾ ਨੂੰ ਹਰ ਤਿੰਨ ਸਾਲਾਂ ਬਾਅਦ ਪ੍ਰਗਤੀ ਬਾਰੇ ਤਾਜ਼ਾ ਜਾਣਕਾਰੀ ਦੇਣੀ।



# ਜਾਣਨ ਲਈ ਮਦਦਗਾਰ ਸ਼ਬਦ

**2SLGBTQI+:** ਅਜਿਹਾ ਸ਼ਬਦ ਜਿਸ ਵਿੱਚ ਟੂ-ਸਪਿਰਿਟ, ਲੈਸਬੀਅਨ, ਗੇਅ, ਬਾਇਸੈਕਸੁਅਲ, ਟ੍ਰਾਂਸਜੈਂਡਰ, ਕਿਊਅਰ, ਇੰਟਰਸੈਕਸ ਅਤੇ ਹੋਰ ਜਿਨਸੀ ਅਤੇ ਲਿੰਗੀ ਪਛਾਣ ਸ਼ਾਮਲ ਹਨ।

**ਪਹੁੰਚਯੋਗਤਾ:** ਅਜਿਹਾ ਰੁਕਾਵਟ-ਮੁਕਤ ਤਜਰਬਾ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਕੋਈ ਆਪਣੇ ਭਾਈਚਾਰੇ ਤੱਕ ਬਰਾਬਰ ਪਹੁੰਚ ਹਾਸਲ ਕਰ ਸਕੇ, ਇਸ ਦੀ ਵਰਤੋਂ ਕਰ ਸਕੇ ਅਤੇ ਇਸਦਾ ਲਾਭ ਲੈ ਸਕੇ।

**ਸਰਗਰਮ ਗਤੀਸ਼ੀਲਤਾ:** ਕਿਸੇ ਮੋਟਰ ਵਾਹਨ ਦੀ ਬਜਾਏ ਆਪਣੀ ਖੁਦ ਦੀ ਸਰੀਰਕ ਹਰਕਤ ਦੀ ਵਰਤੋਂ ਕਰਦੇ ਹੋਏ ਇਧਰ-ਉਧਰ ਜਾਣਾ, ਜਿਵੇਂ ਕਿ ਪੈਦਲ ਤੁਰਨਾ, ਸਾਈਕਲ ਚਲਾਉਣਾ ਅਤੇ ਰੋਲਰਬਲੇਡਿੰਗ।

**ਧੱਕੇਸ਼ਾਹੀ:** ਵਾਰ-ਵਾਰ ਕੀਤਾ ਗਿਆ ਅਜਿਹਾ ਵਿਵਹਾਰ ਜੋ ਕਿਸੇ ਨੂੰ ਦੁੱਖ ਪਹੁੰਚਾਉਂਦਾ ਹੈ, ਧਮਕਾਉਂਦਾ ਹੈ ਜਾਂ ਸ਼ਰਮਿੰਦਾ ਕਰਦਾ ਹੈ।

**ਜਲਵਾਯੂ ਪਰਿਵਰਤਨ:** ਮੌਸਮ ਦੇ ਪੈਟਰਨਾਂ ਵਿੱਚ ਲੰਬੇ ਸਮੇਂ ਦੀਆਂ ਤਬਦੀਲੀਆਂ ਜ਼ਿਆਦਾਤਰ ਮਨੁੱਖੀ ਗਤੀਵਿਧੀ ਦੇ ਕਾਰਨ ਹੁੰਦੀਆਂ ਹਨ, ਜਿਸ ਨਾਲ ਵੱਧ ਰਹੇ ਤਾਪਮਾਨ ਅਤੇ ਬਹੁਤ ਖ਼ਰਾਬ ਮੌਸਮ ਵਰਗੀਆਂ ਸਮੱਸਿਆਵਾਂ ਹੁੰਦੀਆਂ ਹਨ।

**ਵਿਤਕਰਾ:** ਕਿਸੇ ਦੀ ਨਸਲ, ਲਿੰਗ, ਧਰਮ, ਅਸਮਰਥਤਾ, ਜਾਂ ਹੋਰ ਨਿੱਜੀ ਵਿਸ਼ੇਸ਼ਤਾਵਾਂ ਦੇ ਕਾਰਨ ਉਸ ਨਾਲ ਅਨੁਚਿਤ ਵਿਹਾਰ।

**ਵਿਵਿਧਤਾ, ਬਰਾਬਰੀ ਅਤੇ ਸ਼ਮੂਲੀਅਤ:** ਅਜਿਹੇ ਭਾਈਚਾਰੇ ਅਤੇ ਕੰਮ ਕਰਨ ਦੇ ਸਥਾਨ ਬਣਾਉਣੇ ਜਿੱਥੇ ਵੱਖ-ਵੱਖ ਪਿਛੋਕੜਾਂ ਦੀ ਕਦਰ ਕੀਤੀ ਜਾਂਦੀ ਹੈ, ਹਰ ਕਿਸੇ ਨਾਲ ਨਿਰਪੱਖ ਵਿਹਾਰ ਕੀਤਾ ਜਾਂਦਾ ਹੈ, ਅਤੇ ਸਾਰੇ ਲੋਕ ਸੁਆਗਤ ਕੀਤਾ ਗਿਆ ਮਹਿਸੂਸ ਕਰਦੇ ਹਨ।

**ਆਰਥਿਕ ਸ਼ਮੂਲੀਅਤ:** ਇਹ ਯਕੀਨੀ ਬਣਾਉਣਾ ਕਿ ਹਰ ਕਿਸੇ ਨੂੰ ਅਰਥ-ਵਿਵਸਥਾ ਵਿੱਚ ਹਿੱਸਾ ਲੈਣ ਦਾ ਉਚਿਤ ਮੌਕਾ ਮਿਲੇ।

**ਸੰਘੀ ਸਰਕਾਰ:** ਸਰਕਾਰ ਦਾ ਪੱਧਰ ਜੋ ਪੂਰੇ ਦੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਲੈਂਦਾ ਹੈ, ਜਿਵੇਂ ਕਿ ਇਮੀਗ੍ਰੇਸ਼ਨ, ਰੱਖਿਆ, ਬੈਂਕਿੰਗ ਅਤੇ ਮੂਲਵਾਸੀ ਲੋਕਾਂ ਨਾਲ ਸੰਬੰਧ।

**ਫਰਸਟ ਨੇਸ਼ਨਜ਼:** ਕੈਨੇਡਾ ਵਿੱਚ ਮੂਲਵਾਸੀ ਲੋਕ ਜਿਨ੍ਹਾਂ ਦੇ ਆਪਣੇ ਸੱਭਿਆਚਾਰ, ਭਾਸ਼ਾਵਾਂ, ਇਤਿਹਾਸ ਅਤੇ ਰਵਾਇਤੀ ਖੇਤਰ ਹਨ। ਉਹਨਾਂ ਕੋਲ ਅਜਿਹੇ ਅਧਿਕਾਰ ਹਨ ਜੋ ਕੈਨੇਡੀਅਨ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਹਨ।

**ਗ੍ਰਾਂਟ ਪ੍ਰੋਗਰਾਮ:** ਇੱਕ ਪ੍ਰੋਗਰਾਮ ਜੋ ਸੰਗਠਨਾਂ ਜਾਂ ਸਮੂਹਾਂ ਨੂੰ ਅਜਿਹੇ ਪ੍ਰੋਜੈਕਟ ਚਲਾਉਣ ਵਿੱਚ ਮਦਦ ਕਰਨ ਲਈ ਪੈਸੇ ਦਿੰਦਾ ਹੈ ਜੋ ਭਾਈਚਾਰੇ ਨੂੰ ਲਾਭ ਪਹੁੰਚਾਉਂਦੇ ਹਨ।

**ਨਫ਼ਰਤ:** ਕਿਸੇ ਵਿਅਕਤੀ ਜਾਂ ਸਮੂਹ ਪ੍ਰਤੀ ਸਖ਼ਤ ਨਾਪਸੰਦ ਜਾਂ ਦੁਸ਼ਮਣੀ, ਅਕਸਰ ਪਛਾਣ ਦੇ ਅਧਾਰ 'ਤੇ।

**ਹਾਉਸਿੰਗ ਫਸਟ:** ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਪਹਿਲਾਂ ਸ਼ਰਤਾਂ ਪੂਰੀਆਂ ਕਰਨ ਦੀ ਲੋੜ ਲਗਾਏ ਬਿਨਾਂ, ਤੁਰੰਤ ਸੁਰੱਖਿਅਤ, ਸਥਿਰ ਰਿਹਾਇਸ਼ ਦੇ ਕੇ ਉਹਨਾਂ ਦੀ ਮਦਦ ਕਰਨ ਦਾ ਇੱਕ ਤਰੀਕਾ। ਇੱਕ ਵਾਰ ਜਦੋਂ ਉਹਨਾਂ ਨੂੰ ਰਿਹਾਇਸ਼ ਮਿਲ ਜਾਂਦੀ ਹੈ, ਤਾਂ ਉਹਨਾਂ ਨੂੰ ਘਰ ਵਿੱਚ ਰਹਿਣ ਅਤੇ ਆਪਣੀ ਤੰਦਰੁਸਤੀ ਵਿੱਚ ਸੁਧਾਰ ਕਰਨ ਲਈ ਸਹਾਇਤਾ ਸੇਵਾਵਾਂ ਮਿਲਦੀਆਂ ਹਨ।

**ਮੂਲਵਾਸੀ ਲੋਕ:** ਫਰਸਟ ਨੇਸ਼ਨਜ਼, ਇਨਉਇਟ (Inuit), ਅਤੇ ਮੇਟਿਸ ਲੋਕ, ਜੋ ਕੈਨੇਡਾ ਦੇ ਮੂਲ ਲੋਕ ਹਨ।

**ਗੈਰ-ਮੁਨਾਫ਼ਾ:** ਅਜਿਹਾ ਸੰਗਠਨ ਜੋ ਭਾਈਚਾਰੇ ਨੂੰ ਸੇਵਾਵਾਂ ਜਾਂ ਸਹਾਇਤਾ ਮੁਹੱਈਆ ਕਰਦਾ ਹੈ ਅਤੇ ਮਾਲਕਾਂ ਜਾਂ ਸ਼ੇਅਰਧਾਰਕਾਂ ਲਈ ਪੈਸਾ ਨਹੀਂ ਕਮਾਉਂਦਾ। ਕਮਾਇਆ ਕੋਈ ਵੀ ਪੈਸਾ ਵਾਪਸ ਇਸਦੇ ਪ੍ਰੋਗਰਾਮਾਂ ਵਿੱਚ ਚਲਾ ਜਾਂਦਾ ਹੈ।

**ਯੋਜਨਾਬੰਦੀ:** ਇਹ ਫੈਸਲਾ ਕਰਨ ਦੀ ਪ੍ਰਕਿਰਿਆ ਕਿ ਭਵਿੱਖ ਵਿੱਚ ਕੀ ਹੋਣ ਦੀ ਲੋੜ ਹੈ ਅਤੇ ਇਸ ਨੂੰ ਕਿਵੇਂ ਪੂਰਾ ਕਰਨਾ ਹੈ। ਸਰਕਾਰ ਵਿੱਚ, ਇਸ ਵਿੱਚ ਅਕਸਰ ਜ਼ਮੀਨ ਦੀ ਵਰਤੋਂ, ਆਵਾਜਾਈ, ਰਿਹਾਇਸ਼ ਅਤੇ ਭਾਈਚਾਰਕ ਸੇਵਾਵਾਂ ਬਾਰੇ ਫੈਸਲੇ ਸ਼ਾਮਲ ਹੁੰਦੇ ਹਨ।

**ਨੀਤੀ:** ਫੈਸਲੇ ਲੈਣ ਅਤੇ ਦਿਸ਼ਾ ਨਿਰਧਾਰਤ ਕਰਨ ਵਿੱਚ ਮਦਦ ਕਰਨ ਲਈ ਸਰਕਾਰ ਜਾਂ ਸੰਗਠਨ ਦੁਆਰਾ ਬਣਾਇਆ ਗਿਆ ਨਿਯਮ ਜਾਂ ਸੇਧ। ਨੀਤੀਆਂ ਦੱਸਦੀਆਂ ਹਨ ਕਿ ਕੀ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਉਂ ਕੀਤਾ ਜਾਣਾ ਚਾਹੀਦਾ ਹੈ।

**ਨਿੱਜੀ ਭਾਈਵਾਲ:** ਕੋਈ ਕਾਰੋਬਾਰ ਜਾਂ ਕੰਪਨੀ ਜੋ ਕਿਸੇ ਪ੍ਰੋਜੈਕਟ 'ਤੇ ਸਰਕਾਰ ਜਾਂ ਭਾਈਚਾਰਕ ਸਮੂਹ ਨਾਲ ਮਿਲ ਕੇ ਕੰਮ ਕਰਦੀ ਹੈ। ਉਹ ਸਰਕਾਰ ਦਾ ਹਿੱਸਾ ਨਹੀਂ ਹੁੰਦੇ ਹਨ।

**ਸੂਬਾਈ ਸਰਕਾਰ:** ਸਰਕਾਰ ਦਾ ਪੱਧਰ ਜੋ ਕਿਸੇ ਸੂਬੇ ਨੂੰ ਚਲਾਉਂਦਾ ਹੈ, ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ, ਅਤੇ ਉਸ ਸੂਬੇ ਦੇ ਅੰਦਰ ਸਕੂਲਾਂ, ਹਸਪਤਾਲਾਂ ਅਤੇ ਕੁਦਰਤੀ ਸਰੋਤਾਂ ਬਾਰੇ ਫੈਸਲੇ ਲੈਂਦਾ ਹੈ।

**ਜਨਤਕ ਭਾਈਵਾਲ:** ਕੋਈ ਸਰਕਾਰੀ ਸੰਗਠਨ—ਜਿਵੇਂ ਕਿ ਸ਼ਹਿਰ, ਸੂਬਾ, ਜਾਂ ਸੰਘੀ ਵਿਭਾਗ—ਜੋ ਭਾਈਚਾਰੇ ਨੂੰ ਲਾਭ ਪਹੁੰਚਾਉਣ ਲਈ ਕਿਸੇ ਪ੍ਰੋਜੈਕਟ 'ਤੇ ਦੂਜਿਆਂ ਨਾਲ ਕੰਮ ਕਰਦਾ ਹੈ।

**ਜਨਤਕ ਸੁਰੱਖਿਆ:** ਲੋਕਾਂ ਨੂੰ ਅਪਰਾਧ, ਹਾਦਸਿਆਂ ਅਤੇ ਹੋਰ ਖ਼ਤਰਿਆਂ ਤੋਂ ਸੁਰੱਖਿਅਤ ਰੱਖਣ ਲਈ ਕੋਸ਼ਿਸ਼ਾਂ।

**ਸੁਲ੍ਹਾ-ਸਫ਼ਾਈ:** ਅਜਿਹੀਆਂ ਕਾਰਵਾਈਆਂ ਜੋ ਆਦਰ, ਸਮਝ ਅਤੇ ਸੱਚਾਈ ਦੇ ਅਧਾਰ 'ਤੇ ਮੂਲਵਾਸੀ ਅਤੇ ਗੈਰ-ਮੂਲਵਾਸੀ ਲੋਕਾਂ ਵਿਚਕਾਰ ਰਿਸ਼ਤਿਆਂ ਨੂੰ ਸੁਧਾਰਨ ਵਿੱਚ ਮਦਦ ਕਰਦੀਆਂ ਹਨ।

**ਸਮਾਜਿਕ ਵਿਕਾਸ:** ਕੰਮ ਜੋ ਕਿਸੇ ਭਾਈਚਾਰੇ ਵਿੱਚ ਲੋਕਾਂ ਦੀ ਤੰਦਰੁਸਤੀ, ਮੌਕਿਆਂ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦਾ ਹੈ।

**ਸਮਾਜਿਕ ਬਰਾਬਰੀ:** ਇਹ ਯਕੀਨੀ ਬਣਾਉਣਾ ਕਿ ਹਰ ਕਿਸੇ ਕੋਲ ਮੌਕਿਆਂ, ਸਰੋਤਾਂ ਅਤੇ ਸਹਾਇਤਾ ਤੱਕ ਨਿਰਪੱਖ ਪਹੁੰਚ ਹੋਵੇ, ਖਾਸ ਕਰਕੇ ਉਹ ਲੋਕ ਜੋ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ।

**ਸਮਾਜਿਕ ਮੁੱਦੇ:** ਸਮੱਸਿਆਵਾਂ ਜੋ ਕਿਸੇ ਭਾਈਚਾਰੇ ਵਿੱਚ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਵੇਂ ਕਿ ਗਰੀਬੀ, ਨਸਲਵਾਦ, ਜਾਂ ਰਿਹਾਇਸ਼ ਦੀ ਘਾਟ।

**ਸਮਾਜਿਕ ਸੇਵਾਵਾਂ:** ਪ੍ਰੋਗਰਾਮ ਜੋ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਵਿੱਚ ਲੋਕਾਂ ਦੀ ਮਦਦ ਕਰਦੇ ਹਨ, ਜਿਵੇਂ ਕਿ ਭੋਜਨ, ਰਿਹਾਇਸ਼, ਕਾਉਂਸਲਿੰਗ, ਜਾਂ ਪਰਿਵਾਰਾਂ ਅਤੇ ਨੌਜਵਾਨਾਂ ਲਈ ਸਹਾਇਤਾ।

**ਕਲੰਕ:** ਕਿਸੇ ਵਿਅਕਤੀ ਜਾਂ ਸਮੂਹ ਬਾਰੇ ਅਜਿਹੇ ਨਕਾਰਾਤਮਕ ਰਵੱਈਏ ਜਾਂ ਅਣਉਚਿਤ ਵਿਸ਼ਵਾਸ ਜੋ ਉਹਨਾਂ ਨੂੰ ਸ਼ਰਮਿੰਦਾ ਜਾਂ ਮਾੜੀ ਧਾਰਨਾ ਮਹਿਸੂਸ ਕਰਾਉਂਦੇ ਹਨ।

**ਸ਼ਹਿਰੀ ਮੂਲਵਾਸੀ ਭਾਈਚਾਰੇ:** ਮੂਲਵਾਸੀ ਲੋਕ ਜੋ ਰਾਖਵੇਂ ਖੇਤਰਾਂ ਜਾਂ ਪੇਂਡੂ ਖੇਤਰਾਂ ਦੀ ਬਜਾਏ ਸ਼ਹਿਰਾਂ ਵਿੱਚ ਰਹਿੰਦੇ ਹਨ।


ZUMBA
LOVE
COMMUNITY IN DIVERSITY
ZUMBA




**ਸਿਟੀ ਆਫ ਰਿਚਮੰਡ (City of Richmond)**
6911 No. 3 Road, Richmond, BC  V6Y 2C1
ਟੈਲੀਫ਼ੋਨ: 604-276-4000
www.richmond.ca